88

**File No.SED-EDU303/152/2023-3EDU3**

**ਪੰਜਾਬ ਸਰਕਾਰ**

**ਸਿੱਖਿਆ ਵਿਭਾਗ**

**(ਸਿੱਖਿਆ-3 ਸ਼ਾਖਾ)**

ਸੇਵਾ ਵਿਖੇ

ਪ੍ਰਿੰਸੀਪਲ,
ਅਕਾਲ ਚੁਡਿਆਲ ਅਕੈਡਮੀ,
ਗਲੀ ਨੰ. 4, ਪੁਰਾਣਾ ਬਿਸ਼ਨ ਨਗਰ,
ਜਿਲ੍ਹਾ ਪਟਿਆਲਾ ।

**ਮਿਤੀ:ਚੰਡੀਗੜ੍ਹ:**

ਵਿਸ਼ਾ:- ਅਕਾਲ ਚੁਡਿਆਲ ਅਕੈਡਮੀ, ਗਲੀ ਨੰ. 4, ਪੁਰਾਣਾ ਬਿਸ਼ਨ ਨਗਰ, ਜਿਲ੍ਹਾ ਪਟਿਆਲਾ ਨੂੰ ਸੀ.ਬੀ.ਐਸ.ਈ. ਨਵੀਂ ਦਿੱਲੀ ਨਾਲ ਐਫੀਲੀਏਸ਼ਨ ਲੈਣ ਲਈ ਦਸਵੀਂ ਪੱਧਰ ਦਾ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਸਬੰਧੀ।

******

ਉਪਰਕੇਤ ਵਿਸ਼ੇ ਤੇ ਆਪ ਵੱਲੋਂ ਪੋਰਟਲ ਤੇ ਐਪਲੀਕੇਸ਼ਨ ਨੰ. 01DD4FB16B ਰਾਹੀਂ ਅਪਲਾਈ ਕੀਤੇ ਕੇਸ ਦੇ ਹਵਾਲੇ ਵਿੱਚ।

1. ਇਹ ਇਤਰਾਜਹੀਣਤਾ ਸਰਟੀਫਿਕੇਟ ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮਿਤੀ 26.11.2018 ਦੇ ਪੈਰ੍ਹਾ 6 ਤਹਤਿ ਜਾਰੀ ਕੀਤਾ ਜਾਂਦਾ ਹੈ।
2. ਇਹ ਇਤਰਾਜਹੀਣਤਾ ਸਰਟੀਫਿਕੇਟ ਸਕੂਲ ਮੈਨੇਜਮੈਂਟ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜਾਂ ਸਮੇਤ ਹਲਫੀਆਂ ਬਿਆਨ, ਜਿਲ੍ਹਾ ਪੱਧਰੀ ਕਮੇਟੀ ਦੀ ਨਿਰੀਖਣ ਰਿਪੋਰਟ, ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਪਟਿਆਲ੍ਹਾ ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਮੋਹਾਲੀ ਦੀ ਸਿਫਾਰਸ਼ਾਂ ਸਨਮੁਖ ਜਾਰੀ ਕੀਤਾ ਗਿਆ ਹੈ।
3. ਸਕੂਲ ਮੈਨੇਜਮੈਂਟ ਹੇਠ ਲਿੱਖਿਆਂ ਸ਼ਰਤਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵੇਗੀ:-

ੳ) ਸਿੱਖਿਆ ਵਿਭਾਗ ਵੱਲੋਂ ਜਾਰੀ ਆਰ.ਟੀ.ਐਕਟ 2009, ਪੰਜਾਬ ਸਰਕਾਰ ਆਰ.ਟੀ.ਈ. ਰੂਲਜ਼ 2011, ਪੰਜਾਬ ਰੈਗੂਲੇਸ਼ਨ ਆਫ ਫੀ ਆਫ ਅਨਏਡਿਡ ਐਜੂਕੇਸ਼ਨਲ ਇੰਨਸਟੀਟਿਊਸ਼ਨਜ਼ ਐਕਟ 2016 ਅਤੇ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਸਬੰਧਤ ਹਦਾਇਤਾਂ ਦੀ ਇੰਨ-ਬਿਨ ਪਾਲਣਾ।

ਅ) ਸਕੂਲ ਵਿੱਚ ਪੰਜਾਬੀ ਵਿਸ਼ਾ ਲਾਜ਼ਮੀ ਤੌਰ ਤੇ ਪੜਾਉਣਾ।

ੲ) ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ, ਫਾਈਰ ਸੇਫਟੀ ਸਰਟੀਫਿਕੇਟ, ਪੀਣਯੋਗ ਪਾਣੀ ਦਾ ਸਰਟੀਫਿਕੇਟ ਅਤੇ ਹੋਰ ਲੋੜੀਂਦੇ ਇਤਰਾਜਹੀਣਤਾ ਸਰਟੀਫਿਕੇਟ ਸਮੇਂ ਸਿਰ ਰਿਨਿਊ ਕਰਵਾਉਣਾ।

ਸ) ਸਕੂਲ ਸਟਾਫ ਨੂੰ ਸਰਕਾਰੀ ਕਰਮਚਾਰੀਆਂ ਦੀ ਤਰਜ ਤੇ ਤਨਖਾਹ ਅਤੇ ਹੋਰ ਭੱਤੇ ਆਦਿ ਅਕਾਉਟ ਪੇਈ ਚੈਕਾਂ/ਆਨ-ਲਾਈਨ ਟਰਾਂਸਫਰ ਕਰਨਾ।

ਹ) ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਸਕੂਲ ਦੇ ਨਿਰੀਖਣ ਦੌਰਾਨ ਸਹਿਯੋਗ ਕਰਨਾ।

ਕ) ਮਾਨਯੋਗ ਹਾਈ ਕੋਰਟ ਵੱਲੋਂ ਰਿਟ ਪਟੀਸ਼ਨ ਨੰ. 17967 ਆਫ 2022 ਵਿੱਚ ਕੀਤੇ ਹੁਕਮ ਮਿਤੀ 17.08.2022 ਦੀ ਰੌਸ਼ਨੀ ਵਿੱਚ ਅਤੇ ਭਵਿੱਖ ਵਿੱਚ ਹੋਣ ਵਾਲੇ ਫੈਸਲੇ ਅਨੁਸਾਰ ਲੋੜੀਂਦਾ ਰਿਜ਼ਰਵ ਫੰਡ ਜਮ੍ਹਾ ਕਰਵਾਉਣ ਦਾ ਪਾਬੰਦ ਹੋਵੇਗਾ।

4. ਉਪਰੋਕਤ ਦਰਸਾਈਆਂ ਸ਼ਰਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਸਕੂਲ ਦਾ ਇਤਰਾਜਹੀਣਤਾ ਸਰਟੀਫਿਕੇਟ ਰੱਦ ਕਰ ਦਿੱਤਾ ਜਾਵੇਗਾ।

ਅਧੀਨ ਸਕੱਤਰ ਸਕੂਲ ਸਿੱਖਿਆ

ਪਿੱ:ਅੰ:ਨੰ: SED-EDU303/152/2023-3EDU3 /253325/2024(2) ਮਿਤੀ, ਚੰਡੀਗੜ੍ਹ: 4/1/24

ਉਪਰੋਕਤ ਦਾ ਇਕ ਉਤਾਰਾ ਹੇਠ ਲਿੱਖਿਆ ਨੂੰ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ, ਮੋਹਾਲੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਸ਼ਾ ਅੰਕਿਤ ਸਕੂਲ ਦਾ ਨਿਯਮਤ ਨਿਰੀਖਣ ਹਰ ਹਾਲਤ ਵਿੱਚ ਕਰਵਾਇਆ ਜਾਵੇ ਅਤੇ ਨਿਰੀਖਣ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ।

2. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪਟਿਆਲਾ।

ਅਧੀਨ ਸਕੱਤਰ ਸਕੂਲ ਸਿੱਖਿਆ

DSE (SE) (Meeting) 04/01/24

AD (PPS)

**ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ ਐਸ ਏ ਐਸ ਨਗਰ**

**ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪ. ਫੇਜ - 8, ਐਸ ਏ ਐਸ ਨਗਰ**

**(ਗ੍ਰਾਂਟ ਸਾਖਾ)**

ਪਿੱਠ ਅੰਕਣ ਨੰ. DPISE-GP10GENL/13/2024-GRANT PENSION-1(5)-DPISE/637599/ 202435298

ਮਿਤੀ ਐਸ ਏ ਐਸ ਨਗਰ 06-02-2024

ਉਪਰੋਕਤ ਸਰਕਾਰ ਦੇ ਹੁਕਮ ਨੰ. SED - EDU 303 / 152 / 2023 - 3 EDU 3 ਮਿਤੀ 04.01.2024 ਦੀ ਕਾਪੀ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ -

1. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਪਟਿਆਲਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਰਕਾਰ ਵੱਲੋਂ ਕੀਤੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਕੇ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।
2. ਮੈਨੇਜਮੈਂਟ/ ਪ੍ਰਿੰਸੀਪਲ, ਅਕਾਲ ਢੁਡਿਆਲ ਅਕੈਡਮੀ, ਗਲੀ ਨੰ. 4, ਪੁਰਾਣਾ ਬਿਸ਼ਨ ਨਗਰ, ਜਿਲ੍ਹਾ ਪਟਿਆਲਾ।

6/2

ਸੁਪਰਡੰਟ (ਗ੍ਰਾਂਟ ਸ਼ਾਖਾ)

**ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ ਐਸ ਏ ਐਸ ਨਗਰ**

**ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪ. ਫੇਜ - 8, ਐਸ ਏ ਐਸ ਨਗਰ**

**(ਗ੍ਰਾਂਟ ਸਾਖਾ)**

ਪਿੱਠ ਅੰਕਣ ਨੰ. DPISE-GP10GENL/13/2024-GRANT PENSION-1(5)-DPISE/637599/ /202435297

ਮਿਤੀ, ਐਸ.ਏ.ਐਸ. ਨਗਰ, 06-02-2024

ਉਪਰੋਕਤ ਸਰਕਾਰ ਦੇ ਹੁਕਮ ਨੰ. SED - EDU 303 / 152 / 2023 - 3 EDU 3 ਮਿਤੀ 04.01.2024 ਦੀ ਕਾਪੀ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ -

1. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਪਟਿਆਲਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਰਕਾਰ ਵੱਲੋਂ ਕੀਤੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਕੇ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।
2. ਮੈਨੇਜਮੈਂਟ/ ਪ੍ਰਿੰਸੀਪਲ, ਅਕਾਲ ਢੁਡਿਆਲ ਅਕੈਡਮੀ, ਗਲੀ ਨੰ. 4, ਪੁਰਾਣਾ ਬਿਸ਼ਨ ਨਗਰ, ਜਿਲ੍ਹਾ ਪਟਿਆਲਾ।

ਸੁਪਰਡੰਟ (ਗਰਾਂਟ ਸ਼ਾਖਾ)

87

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-3 ਸ਼ਾਖਾ)

ਮੀਮੋ ਨੰ. SED-EDU303/152/2023-3EDU3 ਮਿਤੀ, ਚੰਡੀਗੜ੍ਹ:

1. ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮਿਤੀ 26.11.2018 ਦੇ ਪੈਰ੍ਹਾ 3 ਅਤੇ 5 ਅਤੇ ਹਦਾਇਤਾਂ ਮਿਤੀ 11.02.2019 ਤਹਿਤ ਅਕਾਲ ਢੁਡਿਆਲ ਅਕੈਡਮੀ, ਗਲੀ ਨੰ. 4, ਪੁਰਾਣਾ ਬਿਸ਼ਨ ਨਗਰ, ਜਿਲ੍ਹਾ ਪਟਿਆਲਾ ਨੂੰ ਦਸਵੀਂ ਪੱਧਰ ਦੀ ਮਾਨਤਾ ਦਿੱਤੀ ਜਾਂਦੀ ਹੈ।
2. ਇਹ ਮਾਨਤਾ ਸਕੂਲ ਵੱਲੋਂ ਐਨ.ਓ.ਸੀ. ਲਈ ਪੇਸ਼ ਕੀਤੇ ਗਏ ਦਸਤਾਵੇਜ਼ਾਂ ਸਮੇਤ ਹਲਫੀਆਂ ਬਿਆਨ, ਜਿਲ੍ਹਾ ਪੱਧਰੀ ਕਮੇਟੀ ਦੀ ਨਿਰੀਖਣ ਰਿਪੋਰਟ, ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਪਟਿਆਲਾ ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਮੋਹਾਲੀ ਦੀ ਸਿਫਾਰਸ਼ਾਂ ਸਨਮੁਖ ਦਿੱਤੀ ਗਈ ਹੈ।
3. ਸਕੂਲ ਇਤਰਾਜਹੀਣਤਾ ਸਰਟੀਫਿਕੇਟ ਨੰ. SED-EDU303/152/2023-3EDU3/753325/2024 ਮਿਤੀ 4/1/24 ਵਿੱਚ ਦਰਜ ਸ਼ਰਤਾਂ ਅਤੇ ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ। ਜੇਕਰ ਸਕੂਲ ਦਾ ਇਤਰਾਜਹੀਣਤਾ ਸਰਟੀਫਿਕੇਟ ਰੱਦ ਕੀਤਾ ਜਾਂਦਾ ਹੈ ਤਾਂ ਮਾਨਤਾ ਰੱਦ ਸਮਝੀ ਜਾਵੇਗੀ।

DSE (SE) (Samba)
04/01/24

ਅਧੀਨ ਸਕੱਤਰ ਸਕੂਲ ਸਿੱਖਿਆ

AD (PBS) ਪਿ.ਅੰ.ਨੰ. SED-EDU303/152/2023-3EDU3/754034/2024 ਮਿਤੀ, ਚੰਡੀਗੜ੍ਹ: 4/1/24

ਉਪਰਕੋਤ ਦਾ ਇਕ ਉਤਾਰਾ ਹੇਠ ਲਿੱਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਪ੍ਰਿੰਸੀਪਲ, ਅਕਾਲ ਢੁਡਿਆਲ ਅਕੈਡਮੀ, ਗਲੀ ਨੰ. 4, ਪੁਰਾਣਾ ਬਿਸ਼ਨ ਨਗਰ, ਜਿਲ੍ਹਾ ਪਟਿਆਲਾ।
2. ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਪੰਜਾਬ, ਮੋਹਾਲੀ।
3. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪਟਿਆਲਾ।

ਅਧੀਨ ਸਕੱਤਰ ਸਕੂਲ ਸਿੱਖਿਆ